# ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਗਏ

GOSPEL **316**

*"ਧੰਨ ਹੈ ਉਹ ਜਿਹ ਦਾ ਅਪਰਾਧ ਖਿਮਾ ਹੋ ਗਿਆ, ਜਿਹ ਦਾ ਪਾਪ ਢੱਕਿਆ ਹੋਇਆ ਹੈ।"* ਜ਼ਬੂਰ 32:1

**ਜਿਹੜੇ ਗਲਤ ਕੰਮ ਅਸੀਂ ਕਰਦੇ ਹਾਂ (ਜਿਨ੍ਹਾਂ ਨੂੰ ਬਾਈਬਲ ਪਾਪ ਕਹਿੰਦੀ ਹੈ) ਉਹ ਸਾਨੂੰ ਪਰਮੇਸ਼ੁਰ ਤੋਂ ਜੁਦਾ ਕਰਦੇ ਹਨ। ਪਰਮੇਸ਼ੁਰ ਨਾਲ ਰਿਸ਼ਤਾ ਠੀਕ ਕਰਨ ਲਈ ਸਾਨੂੰ ਪਰਮੇਸ਼ੁਰ ਤੋਂ ਮਾਫ਼ੀ ਪ੍ਰਾਪਤ ਕਰਨ ਦੀ ਲੋੜ ਹੈ ... ਤਾਂਕਿ ਅਸੀਂ ਸਦੀਪਕਤਾ ਵਾਸਤੇ ਤਿਆਰ ਹੋ ਸਕੀਏ। ਬਾਈਬਲ ਵਿੱਚ ਦੱਸੀ ਗਈ ਮਾਫ਼ੀ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ੁਰ ਕਹਿ ਰਿਹਾ ਹੈ ਕਿ ਉਹ ਉਨ੍ਹਾਂ ਪਾਪਾਂ ਨੂੰ ਅਣਦੇਖਾ ਕਰਕੇ ਉਨ੍ਹਾਂ ਪਾਪਾਂ ਦੇ ਸਦੀਪਕ ਦੰਡ ਨੂੰ ਮਿਟਾ ਦੇਵੇਗਾ। ਨਹੀਂ, ਉਸ ਦੰਡ ਦਾ ਭੁਗਤਾਨ ਜ਼ਰੂਰੀ ਹੈ। ਖੁਸ਼ੀ ਦੀ ਖਬਰ (ਖੁਸ਼ਖਬਰੀ) ਇਹ ਹੈ ਕਿ ਯਿਸੂ [ਪਾਪ ਰਹਿਤ ਪਰਮੇਸ਼ੁਰ-ਮਨੁੱਖ] ਨੇ ਸਲੀਬ ਉੱਤੇ ਮਰ ਕੇ ਆਪਣੇ ਲਹੂ ਨਾਲ ਤੁਹਾਡੇ ਲਈ ਉਹ ਭੁਗਤਾਨ ਪਹਿਲਾਂ ਹੀ ਕਰ ਦਿੱਤਾ ਹੈ। ਇੱਕ ਤਰ੍ਹਾਂ ਨਾਲ, ਉਸ ਨੇ ਤੁਹਾਡੀ ਜਗ੍ਹਾ ਲੈ ਲਈ। ਯਿਸੂ ਬਲੀਦਾਨ ਦਾ ਤੁਹਾਡਾ ਬਦਲ ਬਣ ਗਿਆ। ਪਰ ਇੰਨਾ ਕਾਫ਼ੀ ਨਹੀਂ ਹੈ। ਉਸ ਭੁਗਤਾਨ ਦੇ ਤੁਹਾਡੇ ਲਈ ਲਾਗੂ ਹੋਣ ਦੀ ਲੋੜ ਹੈ ... ਤੁਹਾਡੇ ਖਾਤੇ ਵਿੱਚ ਜੋੜੇ ਜਾਣ ਦੀ ਲੋੜ ਹੈ। ਮਹੱਤਵਪੂਰਣ ਸਵਾਲ ਇਹ ਹੈ ਕਿ ਇਹ ਹੁੰਦਾ ਕਿਵੇਂ ਹੈ? ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਪਛਤਾਵਾ (ਤੌਬਾ) ਕਰਦੇ ਹੋ (ਆਪਣੇ ਪਾਪਾਂ ਤੋਂ ਪਰਮੇਸ਼ੁਰ ਵੱਲ ਮੁੜਦੇ ਹੋ) ਅਤੇ ਯਿਸੂ ਉੱਤੇ ਵਿਸ਼ਵਾਸ ਕਰਦੇ ਹੋ। ਤਦ ਅਤੇ ਸਿਰਫ਼ ਤਦ ਹੀ, ਤੁਸੀਂ ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਜਾਂਦੇ ਹੋ।**

### *ਸਾਡੀ ਸਮੱਸਿਆ ... ਜੁਦਾਈ*

*"ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ।"* ਰੋਮੀਆਂ 3:23

*"ਸਗੋਂ ਤੁਹਾਡੀਆਂ ਬਦੀਆਂ ਨੇ ਤੁਹਾਡੇ ਵਿੱਚ, ਅਤੇ ਤੁਹਾਡੇ ਪਰਮੇਸ਼ੁਰ ਵਿੱਚ ਜੁਦਾਈ ਪਾ ਦਿੱਤੀ ਹੈ, ਅਤੇ ਤੁਹਾਡੇ ਪਾਪਾਂ ਨੇ ਉਹ ਦਾ ਮੂੰਹ ਤੁਹਾਥੋਂ ਲੁਕਾ ਦਿੱਤਾ ਹੈ, ਭਈ ਉਹ ਨਾ ਸੁਣੇ।"* ਯਸਾਯਾਹ 59:2

*"ਅਤੇ ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ ਓਹਨਾਂ ਨੂੰ ਬਦਲਾ ਦੇਵੇਗਾ। ਓਹ ਸਜ਼ਾ ਭੋਗਣਗੇ ਅਰਥਾਤ ਪ੍ਰਭੂ ਦੇ ਹਜ਼ੂਰੋਂ ਅਤੇ ਉਹ ਦੀ ਸਮਰੱਥਾ ਦੇ ਤੇਜ ਤੋਂ ਸਦਾ ਦਾ ਵਿਨਾਸ।"* 2 ਥੱਸਲੁਨੀਕੀਆਂ 1:8-9

*"ਪਾਪ ਦੀ ਮਜੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ।"* ਰੋਮੀਆਂ 6:23

*"ਜਦੋਂ ਅਸੀਂ ਨਿਰਬਲ ਹੀ ਸਾਂ ਤਦੋਂ ਮਸੀਹ ਵੇਲੇ ਸਿਰ ਕੁਧਰਮੀਆਂ ਦੇ ਲਈ ਮੋਇਆ।"* ਰੋਮੀਆਂ 5:6

### *ਪਰਮੇਸ਼ੁਰ ਦਾ ਹੱਲ ... ਬਦਲ*

*"ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।"* ਯੂਹੰਨਾ 3:16

*"ਪ੍ਰੇਮ ਇਸ ਗੱਲ ਵਿੱਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤ੍ਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪਰਾਸਚਿੱਤ [ਸੰਤੁਸ਼ਟੀਜਨਕ ਬਲੀਦਾਨ] ਹੋਵੇ।"* 1 ਯੂਹੰਨਾ 4:10

*"ਪਰੰਤੂ ਪਰਮੇਸ਼ੁਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮੋਇਆ।"* ਰੋਮੀਆਂ 5:8

*"ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ।"* 1 ਪਤਰਸ 2:24

*"ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ [ਯਿਸੂ], ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁੱਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ।"* ਯੂਹੰਨਾ 1:12

### *ਮਾਫ਼ੀ ਦਾ ਤੁਹਾਡਾ ਰਾਹ ... ਯਿਸੂ ਉੱਤੇ ਵਿਸ਼ਵਾਸ ਕਰਨਾ*

*"ਉਹ ਦੇ [ਯਿਸੂ] ਉੱਤੇ ਸਭ ਨਬੀ ਸਾਖੀ ਦਿੰਦੇ ਹਨ ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ।"* ਰਸੂਲਾਂ ਦੇ ਕਰਤੱਬ 10:43। *"ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ, ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ"* ਅਫ਼ਸੀਆਂ 2:8-9। ਤੁਸੀਂ ਪਛਤਾਵਾ/ਤੌਬਾ ਕਰਕੇ ਯਿਸੂ ਵਿੱਚ ਵਿਸ਼ਵਾਸ ਕਰ ਸਕਦੇ ਹੋ (ਕੇਵਲ ਯਿਸੂ ਦੇ ਬਾਰੇ ਨਹੀਂ) ... ਜਿਸ ਦਾ ਮਤਲਬ ਹੈ ਵਿਸ਼ਵਾਸ ਨਾਲ ਯਿਸੂ ਵੱਲ ਮੁੜਨਾ। ਇਹ ਪ੍ਰਾਰਥਨਾ ਤੁਹਾਡੇ ਲਈ ਇਸ ਨੂੰ ਕਰਨ ਦਾ ਇੱਕ ਤਰੀਕਾ ਹੈ। ਇਹ ਕੋਈ ਸੌਂਹ ਜਾਂ ਮੰਤਰ ਨਹੀਂ ਹੈ। ਇਹ ਪ੍ਰਾਰਥਨਾ ਤਾਂ ਹੀ ਕਰਨਾ ਜੇਕਰ ਇਹ ਸੱਚਮੁੱਚ ਤੁਹਾਡੀ ਦਿਲੀ ਇੱਛਾ ਹੈ।

**ਪਿਆਰੇ ਪਰਮੇਸ਼ੁਰ,**
**ਮੈਂ ਆਪਣੀ ਜ਼ਰੂਰਤ ਨੂੰ ਮੰਨਦਾ ਹਾਂ ... ਮੈਂ ਇੱਕ ਪਾਪੀ ਹਾਂ।**
**ਮੈਂ ਪਛਤਾਵਾ ਕਰਦਾ ਹਾਂ ... ਮੈਂ ਆਪਣੇ ਪਾਪ ਤੋਂ ਤੇਰੇ ਵੱਲ ਮੁੜਦਾ ਹਾਂ।**
**ਮੈਂ ਯਿਸੂ ਵਿੱਚ ਵਿਸ਼ਵਾਸ ਕਰਦਾ ਹਾਂ ... ਕਿ ਉਹ ਪਰਮੇਸ਼ੁਰ ਹੁੰਦੇ ਹੋਏ ਮੇਰੇ ਲਈ ਸਲੀਬ ਉੱਤੇ ਮਰਿਆ।**
**ਮੈਂ ਉਸ ਨੂੰ ਆਪਣਾ ਮੁਕਤੀਦਾਤਾ ਹੋਣ ਲਈ ਸੱਦਦਾ ਹਾਂ।**
**ਆਮੀਨ**

ਯਿਸੂ ਨੇ ਤੁਹਾਡੇ ਪਾਪਾਂ ਦੇ ਦੰਡ ਦਾ ਭੁਗਤਾਨ ਕੀਤਾ। ਅਤੇ ਯਿਸੂ ਵਿੱਚ ਵਿਸ਼ਵਾਸ ਕਰਨ ਦੇ ਦੁਆਰਾ ਉਸ ਦਾ ਭੁਗਤਾਨ ਤੁਹਾਡਾ ਭੁਗਤਾਨ ਬਣ ਜਾਂਦਾ ਹੈ। ਤੁਸੀਂ ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਗਏ ਹੋ। ਯਿਸੂ ਨੇ ਕਿਹਾ ਕਿ ਤੁਸੀਂ ਸਦਾਕਾਲ ਲਈ ਸੁਰੱਖਿਅਤ ਹੋ, ਯੂਹੰਨਾ 3:16।


*"ਧੰਨ ਹੈ ਉਹ ਜਿਹ ਦਾ ਅਪਰਾਧ ਖਿਮਾ ਹੋ ਗਿਆ, ਜਿਹ ਦਾ ਪਾਪ ਢੱਕਿਆ ਹੋਇਆ ਹੈ।"* ਜ਼ਬੂਰ 32:1

ਵੱਖ-ਵੱਖ ਭਾਸ਼ਾਵਾਂ ਵਿੱਚ *ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਗਏ* ਦੀਆਂ ਮੁਫ਼ਤ PDF ਫ਼ਾਈਲਾਂ ਦੇ ਲਿੰਕ Gospel316.org ਤੋਂ ਲਏ ਗਏ ਹਨ।

**ਜੇ ਤੁਸੀਂ ਇਮਾਨਦਾਰੀ ਨਾਲ ਉਹ ਪ੍ਰਾਰਥਨਾ ਕੀਤੀ ਹੈ,** ਤਾਂ ਤੁਸੀਂ ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਗਏ ਹੋ ਅਤੇ ਉਸ ਦੇ ਨਾਲ ਸਦਾਕਾਲ ਲਈ ਸੁਰੱਖਿਅਤ ਹੋ। ਯਿਸੂ ਦੀ ਬਲੀਦਾਨ ਵਾਲੀ ਮੌਤ ਨੇ ਤੁਹਾਨੂੰ ਮਾਫ਼ੀ ਪ੍ਰਦਾਨ ਕੀਤੀ ਹੈ। ਪਰਮੇਸ਼ੁਰ ਦਾ ਵਾਅਦਾ ਹੈ ਕਿ ਹੁਣ ਤੁਹਾਡੀ ਮੌਜੂਦਾ ਮੀਰਾਸ ਵਜੋਂ ਤੁਹਾਡੇ ਕੋਲ ਸਦੀਪਕ ਜੀਵਨ ਹੈ ... ਕਿ ਤੁਹਾਨੂੰ ਨਿਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ ... ਕਿ ਤੁਸੀਂ ਮੌਤ ਤੋਂ ਪਾਰ ਲੰਘ ਕੇ ਜੀਵਨ ਵਿੱਚ ਪ੍ਰਵੇਸ਼ ਕਰ ਲਿਆ ਹੈ, ਯੂਹੰਨਾ 5:24। ਤੁਸੀਂ ਸੁਰੱਖਿਅਤ ਹੋ ਕਿਉਂਕਿ ਕੋਈ ਵੀ ਤੁਹਾਨੂੰ ਉਸ ਦੇ ਸਰਬਸ਼ਕਤੀਸ਼ਾਲੀ ਹੱਥ ਵਿੱਚੋਂ ਖੋਹ ਨਹੀਂ ਸਕਦਾ। ਤੁਸੀਂ ਉਸ ਨੂੰ ਨਹੀਂ, ਸਗੋਂ ਉਸ ਨੇ ਤੁਹਾਨੂੰ ਫੜਿਆ ਹੋਇਆ ਹੈ। ਯਿਸੂ ਨੇ ਕਿਹਾ, *"ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ ਅਰ ਉਨ੍ਹਾਂ ਦਾ ਸਦੀਪਕਾਲ ਤੀਕੁ ਕਦੇ ਨਾਸ ਨਾ ਹੋਵੇਗਾ, ਨਾ ਕੋਈ ਉਨ੍ਹਾਂ ਨੂੰ ਮੇਰੇ ਹੱਥੋਂ ਖੋਹ ਲਵੇਗਾ ਮੇਰਾ ਪਿਤਾ ਜਿਹ ਨੇ ਮੈਨੂੰ ਓਹ ਦਿੱਤੀਆ ਹਨ ਸਭਨਾਂ ਤੋਂ ਵੱਡਾ ਹੈ ਅਤੇ ਕੋਈ ਪਿਤਾ ਦੇ ਹੱਥੋਂ ਉਨ੍ਹਾਂ ਨੂੰ ਖੋਹ ਨਹੀਂ ਸੱਕਦਾ"* ਯੂਹੰਨਾ 10:28-29।

**ਜੇ ਤੁਸੀਂ ਹੁਣ ਤਕ ਉਹ ਪ੍ਰਾਰਥਨਾ ਕਰਨ ਦੇ ਇੱਛੁਕ ਨਹੀਂ ਸੀ,** ਤਾਂ ਇਸ ਨੂੰ ਆਪਣੀ ਪ੍ਰਮੁੱਖ ਤਰਜੀਹ ਬਣਾਓ। ਤੁਹਾਡੇ ਫੈਸਲੇ ਦਾ ਮਹੱਤਵ ਅਤੇ ਨਤੀਜਾ ਸਦੀਪਕ ਹੈ। ਕਬਰ ਤੋਂ ਬਾਅਦ ਕੋਈ ਦੂਜੇ ਮੌਕੇ ਨਹੀਂ ਹਨ, *"ਅਤੇ ਜਿਵੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ"* ਇਬਰਾਨੀਆਂ 9:27। ਜੇ ਤੁਹਾਡੇ ਕੋਈ ਬੇਜਵਾਬ ਸਵਾਲ ਹਨ ਜੋ ਤੁਹਾਡੇ ਫੈਸਲੇ ਦੇ ਰਾਹ ਵਿੱਚ ਰੁਕਾਵਟ ਬਣ ਕੇ ਖੜ੍ਹੇ ਹਨ, ਤਾਂ ਜਿਸ ਵਿਅਕਤੀ ਨੇ ਤੁਹਾਨੂੰ ਇਹ ਦਿੱਤਾ ਹੈ ਉਸ ਦੇ ਨਾਲ ਗੱਲ ਕਰੋ।

## ਉਦਾਹਰਣਾਂ ਅਤੇ ਵਿਆਖਿਆਵਾਂ

**ਮਾਫ਼ੀ।**
ਮਾਫ਼ੀ। ਬਾਈਬਲੀ ਮਾਫ਼ੀ ਵਾਸਤੇ ਸਾਡੇ ਪਾਪ ਦੇ ਦੰਡ ਦੇ ਭੁਗਤਾਨ ਦੀ ਜ਼ਰੂਰਤ ਹੈ। ਪਾਪ ਦਾ ਦੰਡ ਪਰਮੇਸ਼ੁਰ ਤੋਂ ਸਦਾ ਦੀ ਜੁਦਾਈ ਹੈ। ਬਾਈਬਲੀ ਮਾਫ਼ੀ ਦਾ ਅਰਥ ਹੈ ਤੁਹਾਡੇ ਪਾਪ ਅਤੇ ਇਸ ਦੀ ਸਜ਼ਾ ਨੂੰ ਤੁਹਾਡੇ ਤੋਂ ਹਟਾ ਕੇ ਯਿਸੂ ਦੇ ਲੇਖੇ ਵਿੱਚ ਜੋੜਨਾ। ਪਰਮੇਸ਼ੁਰ ਨੇ ਸਾਡਾ ਪਾਪ ਅਤੇ ਇਸ ਦੀ ਸਜ਼ਾ ਪਾਪ ਰਹਿਤ ਯਿਸੂ ਨੂੰ ਦੇ ਦਿੱਤੀ। ਇਸ ਤੋਂ ਬਾਅਦ ਪਰਮੇਸ਼ੁਰ ਨੇ ਆਪਣੀ ਧਾਰਮਿਕਤਾ ਸਾਨੂੰ ਦਿੱਤੀ। ਇਹ ਇਸ ਤਰ੍ਹਾਂ ਸੀ ਜਿਵੇਂ ਕਿ ਸਵਰਗ ਵਿੱਚ ਦੋ ਪੁਸਤਕਾਂ ਸਨ। ਪਹਿਲੀ, ਜੋ ਤੁਹਾਡੇ ਲੇਖੇ ਦੀ ਪੁਸਤਕ ਹੈ, ਉਸ ਵਿੱਚ ਤੁਹਾਡੇ ਵੱਲੋਂ ਹੁਣ ਤਕ ਕੀਤੇ ਗਏ ਹਰ ਗਲਤ ਕੰਮ ਦਾ ਨਿਸ਼ਾਨ ਹੈ। ਇਸ ਦੇ ਪੰਨੇ ਉਨ੍ਹਾਂ ਨਿਸ਼ਾਨਾਂ ਨਾਲ ਭਰੇ ਹੋਏ ਹਨ। ਬਾਈਬਲ ਸਾਫ਼-ਸਾਫ਼ ਕਹਿੰਦੀ ਹੈ ਕਿ ਸਾਡੇ ਦੁਆਰਾ ਕੀਤੇ ਜਾਣ ਵਾਲੇ ਕੁਝ ਕੰਮ ਪਾਪ (ਸਪੁਰਦਗੀ ਦੇ ਪਾਪ) ਹਨ ਅਤੇ ਸਾਡੇ ਦੁਆਰਾ ਨਾ ਕੀਤੇ ਜਾਣ ਵਾਲੇ ਕੁਝ ਕੰਮ ਪਾਪ (ਭੁੱਲ ਦੇ ਪਾਪ) ਹਨ। ਇੱਥੋਂ ਤਕ ਕਿ ਕੁਝ ਵਿਚਾਰ ਵੀ ਪਾਪ ਵਾਲੇ ਹੋ ਸਕਦੇ ਹਨ। ਇੱਕ ਦਿਨ ਦੇ ਤਿੰਨ ਪਾਪਾਂ ਦਾ ਮਤਲਬ ਹੈ ਹਰ ਸਾਲ 1,000 ਪਾਪ। ਪੂਰੇ ਜੀਵਨ ਦਾ ਹਿਸਾਬ ਲਾਈਏ ਤਾਂ ਪਾਪਾਂ ਦੀ ਇਹ ਗਿਣਤੀ ਬਹੁਤ ਵੱਡੀ ਹੈ। ਦੂਜੀ ਪੁਸਤਕ ਹੈ ਪਾਪ ਰਹਿਤ ਯਿਸੂ ਦੀ ਲੇਖਾ-ਪੁਸਤਕ। ਇਸ ਦੇ ਪੰਨੇ ਸਾਫ਼ ਅਤੇ ਬੇਦਾਗ ਹਨ। ਜਦੋਂ ਤੁਸੀਂ ਯਿਸੂ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਇਹ ਇਸ ਤਰ੍ਹਾਂ ਹੈ ਜਿਵੇਂ ਉਨ੍ਹਾਂ ਦੋਹਾਂ ਪੁਸਤਕਾਂ ਦੇ ਬਾਹਰੀ ਪੰਨੇ ਆਪਸ ਵਿੱਚ ਬਦਲੇ ਜਾਂਦੇ ਹਨ। ਤਦ ਤੁਹਾਡੇ ਨਾਮ ਵਾਲੀ ਲੇਖਾ-ਪੁਸਤਕ ਪੂਰੀ ਤਰ੍ਹਾਂ ਸਾਫ਼ ਹੋ ਜਾਂਦੀ ਹੈ। ਤੁਹਾਡਾ ਪਾਪ ਅਤੇ ਇਸ ਦੀ ਸਜ਼ਾ ਪੂਰੀ ਤਰ੍ਹਾਂ ਮਿਟ ਜਾਂਦੇ ਹਨ।

**ਇੱਕ ਅਸਲੀ ਹੱਲ।**
ਯਿਸੂ ਨੇ ਕਿਹਾ, *"ਯਿਸੂ ਨੇ ਉਹ ਨੂੰ ਆਖਿਆ, ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ"* ਯੂਹੰਨਾ 14:6। ਪਾਪ ਦੇ ਕਾਰਨ ਸਾਡੇ ਅਤੇ ਪਰਮੇਸ਼ੁਰ ਦੇ ਵਿਚਕਾਰ ਪੈਦਾ ਹੋਈ ਜੁਦਾਈ ਦਾ ਬਾਈਬਲ ਅਨੁਸਾਰ ਹੱਲ ਅਨੋਖਾ ਹੈ। ਦੂਜੇ ਧਰਮ ਮੰਗ ਕਰਦੇ ਹਨ ਕਿ ਅਸੀਂ ਆਪਣੇ ਪਾਪਾਂ ਦੇ ਨਾਲ ਸਦਾਕਾਲ ਦਾ ਸਾਹਮਣਾ ਇਸ ਆਸ ਨਾਲ ਕਰੀਏ ਕਿ ਜਿਹੜਾ ਵੀ ਈਸ਼ਵਰ ਉੱਥੇ ਹੋਵੇਗਾ ਉਹ ਸਾਡੇ ਪਾਪਾਂ ਨੂੰ ਅਣਦੇਖਾ ਕਰ ਦੇਵੇਗਾ। ਯਿਸੂ ਦਾ ਰਾਹ ਇਸ ਪੱਖੋਂ ਅਨੋਖਾ ਹੈ ਕਿ ਇਹ ਸਾਡੇ ਪਾਪਾਂ ਨੂੰ ਮਾਫ਼ ਕਰਦਾ ਹੈ ... ਸਾਨੂੰ ਧੋ ਕੇ ਸਾਫ਼ ਕਰ ਦਿੰਦਾ ਹੈ। ਤਦ ਅਸੀਂ ਆਪਣੇ ਮਿਟ ਚੁੱਕੇ ਪਾਪਾਂ ਦੇ ਨਾਲ ਪਰਮੇਸ਼ੁਰ ਅਤੇ ਸਦਾਕਾਲ ਦੇ ਸਨਮੁੱਖ ਖੜ੍ਹੇ ਹੁੰਦੇ ਹਾਂ ਕਿਉਂਕਿ ਸਾਡੇ ਉਹ ਪਾਪ ਯਿਸੂ ਦੇ ਲੇਖੇ ਵਿੱਚ ਜੋੜ ਦਿੱਤੇ ਗਏ ਸਨ। ਪਤਰਸ ਰਸੂਲ ਨੇ ਕਿਹਾ, *"ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ"* ਰਸੂਲਾਂ ਦੇ ਕਰਤੱਬ 4:12। ਪੌਲੁਸ ਰਸੂਲ ਨੇ ਲਿਖਿਆ, *"ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ ਜਿਹ ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ ਅਤੇ ਉਹ ਦੀ ਸਾਖੀ ਆਪਣੇ ਵੇਲੇ ਸਿਰ ਹੋਈ"* 1 ਤਿਮੋਥਿਉਸ 2:5-6। ਯਿਸੂ ਦਾ ਰਾਹ ਹੀ ਅਸਲੀ ਹੱਲ ਹੈ।

**ਯਿਸੂ ਵਿੱਚ ਵਿਸ਼ਵਾਸ ਕਰਨਾ।**
ਯਿਸੂ ਵਿੱਚ ਵਿਸ਼ਵਾਸ ਕਰਨਾ ਯਿਸੂ ਦੇ ਬਾਰੇ ਵਿਸ਼ਵਾਸ ਕਰਨ ਤੋਂ ਵਧ ਕੇ ਹੈ। ਫਰਜ਼ ਕਰੋ ਕਿ ਤੁਸੀਂ ਹਵਾਈ ਜਹਾਜ਼ ਵਿੱਚ ਯਾਤਰਾ ਕਰ ਰਹੇ ਹੋ ਅਤੇ ਜਹਾਜ਼ ਪਹਾੜਾਂ ਦੇ ਉੱਤੇ ਉੱਡ ਰਿਹਾ ਹੈ ਅਤੇ ਫਿਰ ਅਚਾਨਕ ਇੰਜਣ ਖੜਖੜ ਕਰਨ ਲੱਗਦੇ ਹਨ ਅਤੇ ਬੰਦ ਹੋਣ ਲੱਗਦੇ ਹਨ। ਜਹਾਜ਼ ਤੇਜ਼ੀ ਨਾਲ ਹੇਠਾਂ ਡਿੱਗ ਰਿਹਾ ਹੈ ਅਤੇ ਕ੍ਰੈਸ਼ ਹੋਣ ਵਾਲਾ ਹੈ। ਜਹਾਜ਼ ਦਾ ਚਾਲਕ ਸਭ ਨੂੰ ਹਿਦਾਇਤ ਦਿੰਦਾ ਹੈ ਕਿ ਉਹ ਪੈਰਾਸ਼ੂਟ ਪਹਿਨ ਕੇ ਜਹਾਜ਼ ਦੇ ਖੁੱਲ੍ਹੇ ਹੋਏ ਦਰਵਾਜ਼ੇ ਵਿੱਚੋਂ ਛਾਲ ਮਾਰ ਦੇਣ। ਤੁਹਾਨੂੰ ਪੈਰਾਸ਼ੂਟ ਬਾਰੇ ਜਾਣਕਾਰੀ ਹੈ। ਤੁਸੀਂ ਇਸ ਦੇ ਬਾਰੇ ਟੀਵੀ ਉੱਤੇ ਵੀ ਵੇਖਿਆ ਹੈ। ਪਰ ਹੁਣ ਗੱਲ ਹੋਰ ਹੈ। ਜਹਾਜ਼ ਦੇ ਉਸ ਖੁੱਲ੍ਹੇ ਦਰਵਾਜ਼ੇ ਤੋਂ ਬਾਹਰ ਕਦਮ ਰੱਖਣ ਲਈ ਪੈਰਾਸ਼ੂਟ ਦੇ ਬਾਰੇ ਵਿਸ਼ਵਾਸ ਕਰਨ ਤੋਂ ਕੁਝ ਵਧੀਕ ਕਰਨ ਦੀ ਜ਼ਰੂਰਤ ਹੈ ... ਇਸ ਦੇ ਲਈ ਪੈਰਾਸ਼ੂਟ *ਉੱਤੇ ਵਿਸ਼ਵਾਸ* ਵਿਸ਼ਵਾਸ ਕਰਨ ਦੀ ਜ਼ਰੂਰਤ ਹੈ। ਕਿਸੇ ਯਾਤਰੀ ਦੀ ਪੈਰਾਸ਼ੂਟ ਕੰਮ ਨਹੀਂ ਵੀ ਕਰੇਗੀ। ਤੁਹਾਡੇ ਬਚਣ ਵਾਸਤੇ ਸਹੀ ਪੈਰਾਸ਼ੂਟ ਦੀ ਜ਼ਰੂਰਤ ਹੈ ... ਇਸ ਦੇ ਬਿਨਾਂ ਬਾਹਰ ਕਦਮ ਰੱਖਣਾ ਪੱਕੀ ਮੌਤ ਹੈ। ਪੈਰਾਸ਼ੂਟ ਦੇ ਨਾਲ ਬਾਹਰ ਕਦਮ ਰੱਖਣਾ 100% ਵਿਸ਼ਵਾਸ ਦੀ ਵਚਨਬੱਧਤਾ ਹੈ। ਤੁਹਾਡੇ ਮਨ ਵਿੱਚ ਕੁਝ ਸ਼ੰਕੇ ਹੋ ਸਕਦੇ ਹਨ ... ਪਰ ਬਚਣ ਲਈ ਪੈਰਾਸ਼ੂਟ ਉੱਤੇ ਪੂਰਾ ਭਰੋਸਾ ਹੋਣਾ ਜ਼ਰੂਰੀ ਹੈ। ਯਿਸੂ ਇੱਕੋ-ਇੱਕ ਸਦੀਪਕ ਪੈਰਾਸ਼ੂਟ ਹੈ। ਵਿਸ਼ਵਾਸ ਨਾਲ ਕਦਮ ਅੱਗੇ ਵਧਾਓ। ਉਸ ਵਿੱਚ ਵਿਸ਼ਵਾਸ ਕਰੋ!

**ਛਪਾਈ ਲਈ ਹਿਦਾਇਤਾਂ।** ਇੱਕ ਪੰਨੇ ਦੇ ਦੋਹੀਂ ਪਾਸੀਂ ਛਪਾਈ ਦਾ ਸੁਝਾਅ ਦਿੱਤਾ ਜਾਂਦਾ ਹੈ। ਰੰਗਦਾਰ ਜਾਂ ਚਿੱਟੀ-ਕਾਲੀ ਛਪਾਈ ਕੀਤੀ ਜਾ ਸਕਦੀ ਹੈ।

---

*ਪਰਮੇਸ਼ੁਰ ਦੁਆਰਾ ਮਾਫ਼ ਕੀਤੇ ਗਏ* © 2024 Acts One Eight ਦੁਆਰਾ ਪ੍ਰਕਾਸ਼ਤ ਹੈ ਅਤੇ ਇਸ ਨੂੰ www.Gospel316.org ਤੋਂ ਲਿਆ ਗਿਆ ਹੈ। ਤੁਸੀਂ ਇਸ ਪੂਰੇ ਬਿਆਨ ਸਮੇਤ ਬਿਨਾਂ ਕੋਈ ਤਬਦੀਲੀ ਕੀਤੇ ਇਸ ਨੂੰ ਬੇਝਿਜਕ ਛਾਪ ਸਕਦੇ ਹੋ, ਕਾਪੀ ਕਰ ਸਕਦੇ ਹੋ, ਪੋਸਟ ਕਰ ਸਕਦੇ ਹੋ ਜਾਂ ਸੰਦੇਸ਼ ਦੇ ਰੂਪ ਵਿੱਚ ਦੂਜਿਆਂ ਨੂੰ ਭੇਜ ਸਕਦੇ ਹੋ। ਇਸ ਤੋਂ ਇਲਾਵਾ, ਤੁਸੀਂ ਇਸ ਵਿੱਚ ਆਪਣੀ ਸੇਵਕਾਈ ਜਾਂ ਕਲੀਸੀਆ ਦਾ ਨਾਮ ਜਾਂ ਲੋਗੋ ਜੋੜ ਸਕਦੇ ਹੋ। Acts One Eight ਕੇਵਲ ਬਾਈਬਲ ਉੱਤੇ ਅਧਾਰਤ ਹੈ। ਇਸ ਦੀ ਹੋਂਦ ਦਾ ਮਕਸਦ ਹੀ ਲੋਕਾਂ ਦੀ ਯਿਸੂ ਉੱਤੇ ਵਿਸ਼ਵਾਸ ਕਰਨ ਵਿੱਚ ਅਤੇ ਫਿਰ ਉੱਨਤੀ ਕਰਦੇ ਹੋਏ ਉਸ ਦੇ ਚੇਲੇ ਬਣਨ ਵਿੱਚ ਸਹਾਇਤਾ ਕਰਨਾ ਹੈ। ਅੰਗਰੇਜ਼ੀ ਨੂੰ ਛੱਡ ਕੇ ਬਾਕੀ ਭਾਸ਼ਾਵਾਂ ਵਿੱਚ ਅਨੁਵਾਦ ਦੀਆਂ ਸੇਵਾਵਾਂ www.ChristianLingua.com। ਵੱਲੋਂ ਪ੍ਰਦਾਨ ਕੀਤੀਆਂ ਗਈਆਂ ਹਨ। ਮੂਲ ਅੰਗਰੇਜ਼ੀ ਸੰਸਕਰਣ ਵਿੱਚ ਦਿੱਤੇ ਗਏ ਬਾਈਬਲ ਦੇ ਹਵਾਲੇ ਨਿਊ ਅਮੈਰੀਕਨ ਸਟੈਂਡਰਡ (NASB) ਬਾਈਬਲ ਵਿੱਚੋਂ ਲਏ ਗਏ ਹਨ। ਇਸ ਅਨੁਵਾਦ ਵਿੱਚ ਦਿੱਤੇ ਗਏ ਬਾਈਬਲ ਦੇ ਹਵਾਲੇ "BSI ਪੰਜਾਬੀ OV" ਵਿੱਚੋਂ ਲਏ ਗਏ ਹਨ।